# ਪੰਜਾਬ ਦੇ ਲੋਕ-ਗੀਤ

ਲੋਕ-ਗੀਤ ਲੋਕ-ਦਿਲਾਂ ਵਿੱਚੋਂ ਆਪ-ਮੁਹਾਰੇ ਨਿਕਲਦੇ ਹਨ। ਇਹ ਆਮ ਲੋਕਾਂ ਦੀਆਂ ਖ਼ੁਸ਼ੀਆਂ, ਚਾਵਾਂ ਅਤੇ ਦਰਦ-ਵਿਛੋੜਿਆਂ ਦਾ ਸੱਚਾ-ਸੁੱਚਾ ਬਿਆਨ ਹੁੰਦੇ ਹਨ। ਪੰਜਾਬ ਲੋਕ-ਗੀਤਾਂ ਦੀ ਧਰਤੀ ਹੈ। ਇੱਥੋਂ ਦਾ ਹਰ ਇੱਕ ਵਾਸੀ ਲੋਕ-ਗੀਤਾਂ ਵਿੱਚ ਜਨਮ ਲੈਂਦਾ, ਬਚਪਨ ਗੁਜ਼ਾਰਦਾ, ਜਵਾਨ ਹੁੰਦਾ, ਵਿਆਹਿਆ ਜਾਂਦਾ, ਗ੍ਰਹਿਸਤੀ ਜੀਵਨ ਭੋਗਦਾ ਅਤੇ ਅੰਤ ਗੀਤਾਂ ਵਿੱਚ ਹੀ ਮਰ ਜਾਂਦਾ ਹੈ। ਲੋਕ-ਗੀਤ ਲੋਕ ਸਭਿਆਚਾਰ ਦਾ ਹੀ ਪ੍ਰਕਾਸ਼ ਹਨ। ਕਿਸੇ ਸਭਿਆਚਾਰ ਦੀ ਜਿਤਨੀ ਬਹੁਰੰਗੀ ਝਾਕੀ ਲੋਕ-ਗੀਤਾਂ ਵਿੱਚ ਵੇਖਣ ਨੂੰ ਮਿਲਦੀ ਹੈ ਉਹ ਸਾਹਿਤ ਦੇ ਕਿਸੇ ਵੀ ਹੋਰ ਸਾਹਿਤ-ਰੂਪ ਵਿੱਚ ਆਪਣਾ ਪ੍ਰਗਟਾਅ ਨਹੀਂ ਲੱਭ ਸਕਦੀ। ਲੋਕ ਸਭਿਆਚਾਰ ਨਾਲ ਇਸ ਪ੍ਰਕਾਰ ਦੀ ਨੇੜਲੀ ਸਾਂਝ ਸਦਕਾ ਹੀ ਲੋਕ-ਗੀਤਾਂ ਵਿੱਚ ਸਭਿਆਚਾਰਕ ਕਦਰਾਂ-ਕੀਮਤਾਂ ਤੇ ਰਸਮਾਂ ਰਲਗੱਡ ਹਨ। ਇਹਨਾਂ ਦੀ ਸਿਰਜਣਾ ਪਿੱਛੇ ਕਿਉਂਕਿ ਸਮੁੱਚੀ ਜਾਤੀ ਦਾ ਲੋਕ ਅਨੁਭਵ ਤੇ ਵਿਹਾਰ ਕਾਰਜ-ਸ਼ੀਲ ਹੁੰਦਾ ਹੈ ਜਿਸ ਕਰਕੇ ਇਹ ਸਮੁੱਚੀ ਜਾਤੀ ਦੀ ਸਿਰਜਣਾ ਅਖਵਾਉਂਦੇ ਹਨ। ਇਹ ਅੱਖਰ ਗਿਆਨ ਤੋਂ ਕੋਰੇ, ਸਾਦ-ਮੁਰਾਦੇ, ਨਿਰਛੱਲ ਲੋਕਾਂ ਦੇ ਸੁੱਤੇ-ਸਿੱਧ ਪ੍ਰਗਟਾਵੇ ਹਨ। ਜਿਵੇਂ :

ਨਾ ਮੈਂ ਮੇਲਣੇ ਪੜ੍ਹੀ ਗੁਰਮੁਖੀ,
ਨਾ ਬੈਠੀ ਸਾਂ ਡੇਰੇ।
ਨਿੱਤ ਨਵੀਆਂ ਮੈਂ ਜੋੜਾਂ ਬੋਲੀਆਂ,
ਬਹਿ ਕੇ ਮੋਟੇ ਨ੍ਹੇਰੇ।
ਗੀਤ ਅਗੰਮੀ ਨਿਕਲਣ ਅੰਦਰੋਂ,
ਵੱਸ ਨਹੀਂ ਕੁਝ ਮੇਰੇ।
ਮੇਲਣੇ ਨੱਚ ਲੈ ਨੀ,
ਦੇ ਕੇ ਸ਼ੌਕ ਦੇ ਗੇੜੇ।



ਲੋਕ-ਗੀਤ ਮਨੁੱਖੀ ਸਿਰਜਣ- ਯੋਗਤਾ ਅਤੇ ਕਲਾਕਾਰੀ ਦਾ ਸਭ ਤੋਂ ਪਹਿਲਾ ਪ੍ਰਗਟਾਅ ਹਨ। ਪੰਜਾਬ ਦੇ ਵੱਖ-ਵੱਖ ਖਿੱਤਿਆਂ—ਮਾਝੇ, ਮਾਲਵੇ, ਦੁਆਬੇ, ਪੁਆਧ, ਪੋਠੋਹਾਰ ਅਤੇ ਪਹਾੜੀ ਇਲਾਕਿਆਂ ਵਿਚੋਂ ਬਹੁਗਿਣਤੀ ਵਿੱਚ ਲੋਕ-ਗੀਤ ਮਿਲਦੇ ਹਨ। ਇਹਨਾਂ ਖਿੱਤਿਆਂ ਵਿੱਚ ਵੱਖੋ-ਵੱਖ ਸਥਾਨਕ ਅਤੇ ਰਾਂਗਲੀ ਤਸਵੀਰ ਦੇ ਬਾਵਜੂਦ ਵੀ ਇਹਨਾਂ ਲੋਕ-ਗੀਤਾਂ ਵਿੱਚ ਇਕੋ ਸੁਭਾਅ ਅਤੇ ਤਾਸੀਰ ਮਿਲਦੀ ਹੈ। ਭਾਵ ਸਮੁੱਚੇ ਰੂਪ ਵਿੱਚ ਇਹਨਾਂ ਪੰਜਾਬ ਦੇ ਲੋਕ-ਗੀਤਾਂ ਵਿੱਚ ਪੰਜਾਬੀ ਸਭਿਆਚਾਰ ਦੀ ਹੀ ਤਸਵੀਰ ਮਿਲਦੀ ਹੈ। ਗੀਤ ਦਾ

ਨਿਤਾਰਾ ਤਾਂ ਗਾਉਣ ਨਾਲ ਹੀ ਹੁੰਦਾ ਹੈ। ਜਿਹੜਾ ਗੀਤ ਗਾਉਣ ਲੱਗਿਆਂ ਸਵਾਦ ਨਾ ਦੇਵੇ, ਉਹ ਕਿਤਾਬ ਦੇ ਪੰਨਿਆਂ ’ਤੇ ਭਾਵੇਂ ਜੀਊਂਦਾ ਰਹੇ ਪਰ ਲੋਕਾਂ ਦੇ ਬੁੱਲਾਂ ਉੱਤੇ ਜੀਊਂਦਾ ਨਹੀਂ ਰਹਿ ਸਕਦਾ। ਲੋਕ-ਗੀਤਾਂ ਨੂੰ ਲਿਖਿਤ ਰੂਪ ਤਾਂ ਕੁਝ ਸਮਾਂ ਪਹਿਲਾਂ ਹੀ ਮਿਲਿਆ ਹੈ। ਪਹਿਲਾਂ ਇਹ ਗੀਤ ਲੋਕਾਂ ਦੇ ਬੁੱਲ੍ਹਾਂ ’ਤੇ ਜੀਊਂਦੇ ਰਹੇ। ਲੈਅ ਤੇ ਰਸ ਗੀਤ ਦੀ ਮੁੱਢਲੀ ਸ਼ਰਤ ਹਨ। ਇਸੇ ਲਈ ਇਹ ਲੈਅ ਤੇ ਰਸ ਵਿੱਚ ਹੋਰਨਾਂ ਕਾਵਿ-ਰੂਪਾਂ ਨੂੰ ਪਿੱਛੇ ਛੱਡ ਜਾਂਦੇ ਹਨ।

ਪੰਜਾਬੀ ਲੋਕ-ਗੀਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਵਿਸ਼ੇ ਪੱਖੋਂ ਜਿੱਥੇ ਵੰਨ-ਸੁਵੰਨਤਾ ਹੈ ਜਿਵੇਂ—ਸੂਰਮਗਤੀ ਦੇ ਗੀਤ, ਪ੍ਰੀਤ ਕਥਾਵਾਂ, ਪੂਜਾ-ਪਾਠ, ਦਿਨ-ਤਿਉਹਾਰ, ਰੁੱਤਾਂ-ਥਿੱਤਾਂ, ਪਿਆਰ-ਗੀਤ, ਵਿਛੋੜਾ, ਜਨਮ, ਵਿਆਹ, ਮਰਨ, ਪੇਕਾ-ਘਰ, ਸਹੁਰਾ-ਘਰ, ਹਾਰ-ਸ਼ਿੰਗਾਰ ਆਦਿ। ਉੱਥੇ ਲੋਕ-ਗੀਤਾਂ ਦੇ ਵੱਖ-ਵੱਖ ਰੂਪ ਵੀ ਹਨ ਜਿਵੇਂ—ਲੋਰੀਆਂ, ਸੁਹਾਗ, ਘੋੜੀਆਂ, ਸਿੱਠਣੀਆਂ, ਟੱਪਾ, ਬੋਲੀ, ਮਾਹੀਆ, ਢੋਲਾ, ਅਲਾਹੁਣੀ, ਵੈਣ (ਕੀਰਨੇ), ਛੰਦ ਪਰਾਗਾ, ਥਾਲ, ਕਿੱਕਲੀ ਆਦਿ।

ਪੰਜਾਬੀ ਸਭਿਆਚਾਰ ਵਿੱਚ ਲੋਕ-ਗੀਤ ਬੱਚੇ ਦੇ ਜਨਮ ਨਾਲ ਹੀ ਸ਼ੁਰੂ ਹੋ ਜਾਂਦੇ ਹਨ। ਮਾਂ ਘਰ ਦੇ ਕੰਮਾਂ-ਕਾਰਾਂ ਵਿੱਚ ਰੁੱਝੀ ਹੋਈ ਬੱਚੇ ਨੂੰ ਸੁਆਉਣ ਦਾ ਜਤਨ ਕਰਦੀ ਹੈ :

ਜੰਗਲ ਸੁੱਤੇ, ਪਰਬਤ ਸੁੱਤੇ,
ਸੁੱਤੇ ਸਭ ਦਰਿਆ।
ਅਜੇ ਜਾਗਦਾ ਸਾਡਾ ਕਾਕਾ,
ਨੀਂਦੇ ਛੇਤੀ ਆ।
ਊਂ ..., ਊਂ ..., ਊਂ ...।

ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਕਿੱਕਲੀ, ਕੋਰੜਾ-ਛਪਾਕੀ, ਗੁੱਲੀ ਡੰਡਾ, ਖਿੱਦੋ-ਖੂੰਡੀ, ਲੁਕਣਮੀਟੀ ਆਦਿ ਖੇਡਾਂ ਖੇਡਦੇ ਬੱਚੇ ਗੀਤ ਗਾਉਂਦੇ ਹਨ:

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ,
ਦੁੱਪਟਾ ਮੇਰੇ ਭਾਈ ਦਾ,
ਫਿੱਟੇ ਮੂੰਹ ਜਵਾਈ ਦਾ।



ਮੁਟਿਆਰ ਹੋ ਰਹੀਆਂ ਕੁੜੀਆਂ ਦੇ ਰੁੱਤਾਂ-ਤਿਉਹਾਰਾਂ ਨਾਲ ਸੰਬੰਧਿਤ ਗੀਤ ਸ਼ੁਰੂ ਹੋ ਜਾਂਦੇ ਹਨ। ਉਹ ਤ੍ਰਿੰਞਣ ਵਿੱਚ ਪੀਂਘਾਂ ਝੂਟਦੀਆਂ ਮੌਸਮੀ ਤਿਉਹਾਰ ਮਨਾਉਂਦੀਆਂ ਗੀਤ ਗਾਉਂਦੀਆਂ ਹਨ :

**ਔਖੇ ਸ਼ਬਦਾਂ ਦੇ ਅਰਥ**

ਆਪਮੁਹਾਰੇ : ਆਪਣੇ ਆਪ
ਲੋਕਗੀਤ : ਲੋਕਾਂ ਦੁਆਰਾ ਗਾਏ ਹੋਏ ਗੀਤ
ਰਲਗੱਡ : ਰਲੀਆਂ-ਮਿਲੀਆਂ, ਮਿਸ਼ਰਨ

* ਰਲ ਆਓ ਸਖੀਓ ਨੀ, ਸੱਭੇ ਤੀਆਂ ਖੇਡਣ ਜਾਈਏ।
ਹੁਣ ਆ ਗਿਆ ਸਾਵਣ ਨੀ, ਪੀਂਘਾਂ ਪਿੱਪਲੀ ਜਾ ਕੇ ਪਾਈਏ।



* ਹੁੱਲੇ ਨੀ ਮਾਏ ਹੁੱਲੇ।
ਦੋ ਬੇਰੀ ਪੱਤਰ ਝੁੱਲੇ।
ਦੋ ਝੁੱਲ ਪਈਆਂ ਖਜੂਰਾਂ।
ਇਸ ਮੁੰਡੇ ਦਾ ਕਰੋ ਮੰਗੇਵਾਂ।
ਮੁੰਡੇ ਦੀ ਵਹੁਟੀ ਨਿੱਕੜੀ।
ਘਿਓ ਖਾਂਦੀ ਚੂਰੀ ਕੁੱਟਦੀ।
ਕੁੱਟ-ਕੁੱਟ ਚੂਰੀ ਭਰਿਆ ਥਾਲ।
ਵਹੁਟੀ ਸਜੇ ਨਨਾਣਾਂ ਨਾਲ।

ਖੇਡਾਂ ਖੇਡਦੇ ਇਹ ਗੱਭਰੂ ਤੇ ਮੁਟਿਆਰਾਂ ਵਿਆਹੁਣ ਜੋਗੇ ਹੋ ਜਾਂਦੇ ਹਨ। ਵਿਆਹਾਂ ਦੇ ਕਾਰਜ ਸ਼ੁਰੂ ਹੋ ਜਾਂਦੇ ਹਨ। ਕੁੜੀ ਦੇ ਘਰ ਸੁਹਾਗ ਅਤੇ ਮੁੰਡੇ ਦੇ ਘਰ ਘੋੜੀਆਂ ਗਾ ਕੇ ਸ਼ਗਨਾਂ ਦੇ ਕੰਮਾਂ ਨੂੰ ਸ਼ੁਰੂ ਕੀਤਾ ਜਾਂਦਾ ਹੈ। ਸਾਰੇ ਸਾਕ ਇਕੱਠੇ ਹੋ ਕੇ ਖੁਸ਼ੀਆਂ ਮਨਾਉਂਦੇ ਹਨ। ਘਰ ਦੀਆਂ ਨੂੰਹਾਂ-ਧੀਆਂ, ਵੱਡੀਆਂ ਬੁੱਢੀਆਂ ਸਭ ਗਿੱਧੇ ਪਾਉਂਦੀਆਂ ਹਨ:

ਵੀਰਾ ਜਦ ਤੂੰ ਚੜ੍ਹਿਆ ਖਾਰੇ ਵੇ !
ਤੇਰਾ ਬਾਪ ਰੁਪਈਏ ਵਾਰੇ ਵੇ !
ਲਟਕੇਂਦੇ ਵਾਲ ਸੋਹਣੇ ਦੇ
ਤੇਰੀ ਸਦਕੇ ਜਾਂਦੀ ਮਾਂ।
*(ਮੁੰਡੇ ਦੇ ਘਰ ਗਾਇਆ ਜਾਣ ਵਾਲਾ ਗੀਤ)*

ਬਾਬਲ, ਮੇਰਾ ਇੱਕ ਕਹਿਣਾ ਕੀਜੀਏ।
ਮੈਨੂੰ ਰਾਮ ਰਤਨ ਵਰ ਦੀਜੀਏ।
ਜਾਈਏ, ਲੈ ਆਂਦਾ ਵਰ ਟੋਲ ਕੇ।
ਜਿਉਂ ਰੰਗ ਕੁਸੰਭੜਾ ਘੋਲ ਕੇ।
*(ਕੁੜੀ ਦੇ ਘਰ ਗਾਇਆ ਜਾਣ ਵਾਲਾ ਗੀਤ)*

ਇਹ ਹਾਸੇ-ਠੱਠੇ ਤੇ ਢੋਲ-ਢਮੱਕਿਆਂ ਵਾਲਾ ਮਾਹੌਲ ਕਰੁਣਾਮਈ ਰੂਪ ਧਾਰ ਲੈਂਦਾ ਹੈ ਕਿਉਂਕਿ ਕੁੜੀ ਨੂੰ ਤੋਰਨ ਦਾ ਸਮਾਂ ਆ ਜਾਂਦਾ ਹੈ। ਮਾਂ-ਬਾਪ, ਭੈਣ-ਭਰਾਵਾਂ, ਸਹੇਲੀਆਂ, ਘਰ-ਬਾਰ ਤੋਂ ਵਿਛੋੜੇ ਦਾ ਵੇਲਾ ਕੁੜੀ ਲਈ ਔਖਾ ਹੋ ਜਾਂਦਾ ਹੈ :

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਮੀ ਉਡਾਰੀ ਵੇ। ਬਾਬਲ ਕਿਹੜੇ ਦੇਸ ਜਾਣਾ।

**ਔਖੇ ਸ਼ਬਦਾਂ ਦੇ ਅਰਥ**

ਸੁੱਤੇ-ਸਿਧ : ਸੁਭਾਵਕ
ਰਾਂਗਲੀ : ਖੁਸ਼ਮਿਜਾਜ਼, ਮਨੋਰੰਜਕ
ਤਾਸੀਰ : ਅਸਰ, ਪ੍ਰਭਾਵ
ਮੁੱਢਲੀ : ਪਹਿਲੀ
ਵੰਨ-ਸੁਵੰਨਤਾ : ਵਿਭਿੰਨਤਾ
ਅਲਾਹੁਣੀ : ਵਿਰਲਾਪ, ਸ਼ੋਕ ਗੀਤ

**ਔਖੇ ਸ਼ਬਦਾਂ ਦੇ ਅਰਥ**

ਤ੍ਰਿੰਵਣ : ਚਰਖਾ ਕੱਤਣ ਵਾਲੀਆਂ ਔਰਤਾਂ/ ਕੁੜੀਆਂ ਦਾ ਸਮੂਹ

ਤੀਆਂ : ਸਾਵਣ ਦੇ ਮਹੀਨੇ ਵਿਚ ਔਰਤਾਂ ਦਾ ਇਕ ਤਿਉਹਾਰ

ਮੰਗੇਵਾਂ : ਮੰਗਣੀ, ਸਗਾਈ

ਨਿੱਕੜੀ : ਛੋਟੀ

ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ। ਬਾਬਲ ਡੋਲਾ ਨਹੀਂ ਲੰਘਦਾ।
ਇੱਕ ਇੱਟ ਪੁਟਾ ਦੇਵਾਂ, ਧੀਏ ਘਰ ਜਾਹ ਆਪਣੇ।

ਵਿਆਹ ਤੋਂ ਬਾਅਦ ਕੁੜੀ ਨੂੰਹ ਬਣ ਕੇ ਸਹੁਰੇ ਘਰ ਰਹਿਣ ਲਗਦੀ ਹੈ। ਸਹੁਰੇ ਘਰ ਵਿੱਚ ਸੱਸ ਦੀਆਂ ਸਖ਼ਤੀਆਂ ਉਸ ਨੂੰ ਬਹੁਤ ਚੁਭਦੀਆਂ ਹਨ। ਉਸ ਦਾ ਹੋਰਨਾਂ ਰਿਸ਼ਤਿਆਂ ਜਿਵੇਂ—ਨਨਾਣ, ਦਿਓਰ, ਜੇਠ-ਜਠਾਣੀ ਆਦਿ ਨਾਲ ਵੀ ਵਾਹ ਪੈਂਦਾ ਹੈ :

* ਕੁਕੜੀ ਉਹ ਲੈਣੀ, ਜਿਹੜੀ ਕੁੜ ਕੁੜ ਕਰਦੀ ਏ।
ਸਹੁਰੇ ਨਹੀਂ ਜਾਣਾ, ਸੱਸ ਬੁੜ ਬੁੜ ਕਰਦੀ ਏ।

* ਮੇਰਾ ਦਿਓਰ ਬੜਾ ਟੁੱਟ ਪੈਣਾ,
ਹੱਸਦੀ ਦੇ ਦੰਦ ਗਿਣਦਾ।

ਸਹੁਰੇ ਘਰ ਵਿੱਚ ਸਾਰੇ ਰਿਸ਼ਤਿਆਂ ਦਾ ਖੱਟਾ-ਮਿੱਠਾ ਆਨੰਦ ਮਾਣਦੇ ਹੋਏ ਨੂੰਹ ਦੀ ਜ਼ਿੰਦਗੀ ਆਪਣੀ ਤੋਰੇ ਤੁਰਦੀ ਰਹਿੰਦੀ ਹੈ। ਕਦੀ ਨੌਕਰੀ ਖ਼ਾਤਿਰ ਪਰਦੇਸ ਗਏ ਪਤੀ ਦਾ ਵਿਛੋੜਾ ਝੱਲਦੀ ਹੈ :

ਜਦੋਂ ਮਾਹੀ ਚੱਲਿਆ ਮੈਂ ਖੜ੍ਹੀ ਸਾਂ ਖੂਹ 'ਤੇ।
ਮੋਟੇ ਮੋਟੇ ਹੰਝੂ ਡਿੱਗੇ ਗੋਰੇ ਗੋਰੇ ਮੂੰਹ 'ਤੇ।

ਕਦੇ ਸਹੁਰੇ ਘਰ ਬੈਠ ਕੇ ਵੀਰ ਦੀ ਉਡੀਕ :

ਉੱਡਦਾ ਵੇ ਜਾਵੀਂ ਕਾਵਾਂ, ਬਹਿੰਦੜਾ ਜਾਵੀਂ,
ਬਹਿੰਦੜਾ ਜਾਵੀਂ ਮੇਰੇ ਪੇਕੜੇ, ਮੈਂ ਵਾਰੀ।
ਦੱਸੀਂ ਵੇ ਕਾਵਾਂ ਦੱਸੀਂ ਵੀਰ ਮੇਰੇ ਨੂੰ,
ਆਊਗਾ ਨੀਲਾ ਘੋੜਾ ਬੀੜ ਕੇ, ਮੈਂ ਵਾਰੀ।

ਇਸੇ ਤਰ੍ਹਾਂ ਪੰਜਾਬੀ ਲੋਕ-ਗੀਤਾਂ ਵਿੱਚ ਪੰਜਾਬੀ ਰਹਿਣੀ-ਬਹਿਣੀ ਦੀ ਝਲਕ ਨਜ਼ਰ ਆਉਂਦੀ ਹੈ। ਅਜੋਕੇ ਸਮੇਂ ਦੀ ਭੱਜਦੌੜ ਅਤੇ ਤਕਨਾਲੋਜੀ ਦੇ ਪ੍ਰਭਾਵ ਸਦਕਾ ਸਾਡੇ ਜੀਵਨ ਵਿੱਚ ਇਹ ਲੋਕ-ਗੀਤ ਕੁਝ ਘਟ ਗਏ ਹਨ। ਅੱਜ ਤਿੱਥਾਂ-ਤਿਉਹਾਰਾਂ ਅਤੇ ਵਿਆਹ-ਸ਼ਾਦੀਆਂ ਤੇ ਇਹਨਾਂ ਲੋਕ-ਗੀਤਾਂ ਦੀ ਵਰਤੋਂ ਨਵੀਂ ਸ਼ੈਲੀ ਰਾਹੀਂ ਭਾਵ ਲੋਕ-ਗੀਤਾਂ ਨੂੰ ਫ਼ਿਲਮੀ ਗਾਣਿਆਂ ਜਾਂ ਹੋਰ ਨਵੇਂ ਗਾਣਿਆਂ ਨਾਲ ਰਲਾ-ਮਿਲਾ ਕੇ ਵਜਾਇਆ ਜਾਂ ਗਾਇਆ ਜਾਂਦਾ ਹੈ ਪਰ ਸਾਨੂੰ ਪੰਜਾਬੀ ਲੋਕ-ਗੀਤਾਂ ਦੀ ਵੱਡਮੁੱਲੀ ਅਤੇ ਅਮੀਰ ਵਿਰਾਸਤ ਨੂੰ ਉਸ ਦੇ ਅਸਲੀ ਰੂਪ ਵਿੱਚ ਸੰਭਾਲ ਕੇ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੈ।

**ਤਜਿੰਦਰ ਕੌਰ**

## ਟਿੱਪਣੀ

ਪੰਜਾਬ ਲੋਕ-ਗੀਤਾਂ ਦੀ ਧਰਤੀ ਹੈ। ਪੰਜਾਬ ਦੇ ਲੋਕਾਂ ਦੇ ਜੀਵਨ ਵਿੱਚ ਇਹਨਾਂ ਲੋਕ-ਗੀਤਾਂ ਨੇ ਮਿਸਰੀ ਘੋਲੀ ਹੋਈ ਹੈ। ਪੰਜਾਬੀ ਜੰਮਦਾ, ਜੀਊਂਦਾ ਅਤੇ ਮਰਦਾ ਵੀ ਗੀਤਾਂ ਵਿੱਚ ਹੀ ਹੈ। ਹਰ ਉਮਰ, ਹਰ ਦਿਨ-ਤਿਉਹਾਰ ਅਤੇ ਹਰ ਅਵਸਰ ਲਈ ਪੰਜਾਬੀ ਲੋਕ-ਗੀਤਾਂ ਦੀ ਭਰਮਾਰ ਹੈ। ਇਸ ਲੇਖ ਰਾਹੀਂ ਰਚਨਾਕਾਰ ਨੇ ਲੋਕ-ਗੀਤਾਂ ਦੀ ਵੱਡਮੁੱਲੀ ਵਿਰਾਸਤ ਨੂੰ ਸਾਂਭਣ ਦੀ ਤਾਕੀਦ ਕੀਤੀ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਲੋਕ-ਗੀਤ ਕਿਸ ਨੂੰ ਆਖਦੇ ਹਨ ?

(ii) ਲੋਕ-ਗੀਤਾਂ ਦੀ ਸਭਿਆਚਾਰ ਨਾਲ ਕੀ ਸਾਂਝ ਹੈ ?

(iii) ਪੰਜਾਬ ਦੇ ਲੋਕ-ਗੀਤ ਪੰਜਾਬ ਦੇ ਕਿਹੜੇ-ਕਿਹੜੇ ਖੇਤਰਾਂ ਵਿੱਚੋਂ ਮਿਲਦੇ ਹਨ ?

(iv) ਲੋਕ-ਗੀਤਾਂ ਦੇ ਕਿਹੜੇ-ਕਿਹੜੇ ਰੂਪ ਹਨ ?

(v) ਇਸ ਲੇਖ ਵਿੱਚ ਕਿਹੜੀਆਂ ਖੇਡਾਂ ਦਾ ਜ਼ਿਕਰ ਆਇਆ ਹੈ ?

(vi) ਮੁਟਿਆਰਾਂ ਕਿਹੋ ਜਿਹੇ ਗੀਤ ਗਾਉਂਦੀਆਂ ਅਤੇ ਕਿਸ ਤਰ੍ਹਾਂ ਜੀਵਨ ਜੀਉਂਦੀਆਂ ਹਨ?

(vii) ਕੁੜੀ ਦੇ ਵਿਆਹ ਵੇਲੇ ਪਰਿਵਾਰ ਵਿੱਚ ਕੀ-ਕੀ ਕੀਤਾ ਜਾਂਦਾ ਹੈ ? ਪਾਠ ਦੇ ਆਧਾਰ 'ਤੇ ਦੱਸੋ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਆਪਣੀ ਦਾਦੀ/ਨਾਨੀ ਕੋਲੋਂ ਕੋਈ ਪੰਜਾਬੀ ਲੋਕ-ਗੀਤ ਸੁਣੋ ਅਤੇ ਆਪਣੀ ਕਾਪੀ ਵਿਚ ਲਿਖੋ।

(ii) ਜਮਾਤ ਦਾ ਹਰ ਵਿਦਿਆਰਥੀ ਇੱਕ-ਇੱਕ ਪੰਜਾਬੀ ਲੋਕ-ਗੀਤ ਸੁਹਣਾ-ਸੁਹਣਾ ਲਿਖੇ ਅਤੇ ਉਹਨਾਂ ਨੂੰ ਇਕੱਠਾ ਕਰਕੇ ਆਪਣੀ ਜਮਾਤ ਦੀ ਇਕ 'ਪੰਜਾਬੀ ਲੋਕ-ਗੀਤ' ਕਿਤਾਬ ਤਿਆਰ ਕਰੋ।

(iii) ਆਪਣੇ ਪੰਜਾਬੀ ਅਧਿਆਪਕ ਦੀ ਮਦਦ ਨਾਲ ਇਕ ਸਮੂਹਿਕ ਪੰਜਾਬੀ ਲੋਕ-ਗੀਤ ਗਾਉਣ ਦੀ ਤਿਆਰੀ ਕਰੋ ਅਤੇ ਆਪਣੇ ਸਕੂਲ ਦੇ ਸਾਲਾਨਾ ਸਮਾਰੋਹ ਵਿਚ ਪੇਸ਼ ਕਰੋ।

### ਔਖੇ ਸ਼ਬਦਾਂ ਦੇ ਅਰਥ

ਸਾਕ : ਰਿਸ਼ਤੇਦਾਰ

ਖਾਰੇ : ਵਿਆਹ ਤੋਂ ਪਹਿਲਾਂ ਮੁੰਡੇ ਜਾਂ ਕੁੜੀ ਨੂੰ ਨਹਾਉਣ ਦੀ ਰਸਮ

ਲਟਕੇਂਦੇ : ਲਮਕਦੇ

ਜਾਈਏ : ਮਾਂ, ਅੰਮੀ

ਕੁਸੰਭੜਾ : ਇਕ ਬੂਟਾ ਅਤੇ ਉਸ ਦਾ ਫੁੱਲ ਜਿਸ ਦਾ ਰੰਗ ਹੱਥ ਲਾਉਣ ਨਾਲ ਹੀ ਉੱਤਰ ਜਾਂਦਾ ਹੈ।

ਕਰੁਣਾਮਈ : ਦਰਦਨਾਕ, ਤਰਸ ਭਰੀ

ਵਾਹ ਪੈਂਦਾ ਹੈ : ਵਰਤਣ ਦਾ ਮੌਕਾ ਮਿਲਦਾ ਹੈ

**ਔਖੇ ਸ਼ਬਦਾਂ ਦੇ ਅਰਥ**

ਉਡੀਕ : ਇੰਤਜ਼ਾਰ

ਪੇਕੜੇ : ਪੇਕੇ

ਬਹਿੰਦੜਾ : ਬੈਠਦਾ

## ਅ. ਪਾਠ ਦੇ ਆਧਾਰ ਉੱਤੇ ਠੀਕ ( ✔ ) ਤੇ ਗਲਤ ( ✖ ) ਦਾ ਨਿਸ਼ਾਨ ਬਣਾਉ :

(i) ਲੋਕ-ਗੀਤ ਕਵੀਆਂ ਦੁਆਰਾ ਲਿਖੇ ਜਾਂਦੇ ਹਨ। ☐

(ii) ਕੁੜੀਆਂ ਦੇ ਵਿਆਹ ਉੱਪਰ ਸੁਹਾਗ ਗਾਏ ਜਾਂਦੇ ਹਨ। ☐

(iii) ਪੰਜਾਬ ਦੇ ਲੋਕ-ਗੀਤ ਦੱਖਣੀ ਭਾਰਤੀ ਸਭਿਆਚਾਰ ਦੀ ਤਸਵੀਰ ਹਨ। ☐

(iv) ਕੋਰੜਾ ਛਪਾਕੀ ਇਕ ਲੋਕ-ਗੀਤ ਹੈ। ☐

(v) ਗੀਤ ਦਾ ਅਸਲੀ ਫੈਸਲਾ ਨੱਚਣ ਨਾਲ ਹੁੰਦਾ ਹੈ। ☐

## ੲ. ਖਾਲੀ ਥਾਵਾਂ ਭਰੋ :

(i) ਲੋਕ-ਗੀਤ ... ਦਾ ਹੀ ਪ੍ਰਕਾਸ਼ ਹਨ।

(ii) ਮਾਂ ਬੱਚੇ ਨੂੰ ... ਗਾ ਕੇ ਸੁਆਉਂਦੀ ਹੈ।

(iii) ਮੁੰਡੇ ਦੇ ਵਿਆਹ ਉੱਤੇ ... ਗਾਈਆਂ ਜਾਂਦੀਆਂ ਹਨ।

(iv) ਸੱਸ ਦੀਆਂ ... ਚੁੱਭਦੀਆਂ ਹਨ।

(v) ... ਦਾ ਵੇਲਾ ਕੁੜੀ ਲਈ ਔਖਾ ਹੋ ਜਾਂਦਾ ਹੈ।

## ਸ. ਸ਼ਬਦ ਸ਼ੁੱਧ ਕਰਕੇ ਲਿਖੋ :

(i) ਗਰਹਿਸਥੀ

(ii) ਸਰੀਜਣਾ

(iii) ਪੀਂਗ

(iv) ਸ਼ਿੰਘਾਰ

(v) ਗਿੱਦਾ

## ਹ. ਸਮਾਨਾਰਥਕ ਸ਼ਬਦ ਲਿਖੋ :

(i) ਸਭਿਆਚਾਰ

(ii) ਸਿਰਜਣਾ

(iii) ਖਿੱਤਾ

(iv) ਗ੍ਰਹਿਸਤੀ

(v) ਵਿਛੋੜਾ

## ਕ. ਵਾਕ ਬਣਾਓ :

(i) ਬਹੁਰੰਗੀ ...

(ii) ਪ੍ਰਗਟਾਅ ...

(iii) ਕਿੱਕਲੀ ...

(iv) ਸਥਾਨਕ ...

(v) ਲਿਖਿਤ ...